# ਅਸੀਂ ਕਿਸ ਦੀ ਮਦਦ ਕਰਦੇ ਹਾਂ

ਉਨ੍ਹਾਂ ਬੱਚਿਆਂ, ਜਵਾਨਾਂ ਅਤੇ ਜਵਾਨ ਬਾਲਗਾਂ ਦੀ ਜਿਹੜੇ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਜਾਂ ਪ੍ਰੋਗਰਾਮ ਲੈ ਰਹੇ ਹਨ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਸੰਭਾਲ ਵਿਚਲੇ ਬੱਚੇ ਅਤੇ ਜਵਾਨ
- ਮਾਨਸਿਕ ਸਿਹਤ ਦੀਆਂ ਸੇਵਾਵਾਂ
- ਨਸ਼ਿਆਂ ਦੀ ਆਦਤ ਬਾਰੇ ਸੇਵਾਵਾਂ
- ਕਿਸੇ ਯੂਥ ਐਗਰੀਮੈਂਟ ਹੇਠਲੇ ਜਵਾਨ ਲੋਕ
- ਖਾਸ ਲੋੜਾਂ ਵਾਲੇ ਬੱਚੇ ਅਤੇ ਜਵਾਨ
- ਕਸਟੱਡੀ ਵਿਚ ਜਵਾਨ ਲੋਕ
- ਅਰਲੀ ਚਾਇਲਡਹੁੱਡ ਡਿਵੈਲਪਮੈਂਟ ਜਾਂ ਚਾਇਲਡ ਕੇਅਰ
- ਬਾਲਗਪਨ ਵੱਲ ਤਬਦੀਲ ਹੋ ਰਹੇ ਜਵਾਨ ਲੋਕ
- ਆਪਣੇ 27ਵੇਂ ਜਨਮ ਦਿਨ ਤੋਂ ਪਹਿਲਾਂ ਦੇ ਜਵਾਨ ਬਾਲਗ ਜਿਹੜੇ:
  - ਕਮਿਊਨਟੀ ਲਿਵਿੰਗ ਬੀ ਸੀ ਤੋਂ ਸੇਵਾਵਾਂ ਲੈਣ ਦੇ ਯੋਗ ਹਨ, ਜਾਂ
  - ਜਵਾਨ ਬਾਲਗਾਂ ਨਾਲ ਐਗਰੀਮੈਂਟ ’ਤੇ ਹਨ ਜਾਂ ਇਸ ਲਈ ਯੋਗ ਹਨ, ਜਾਂ
  - ਸੂਬਾਈ ਪੋਸਟ-ਸੈਕੰਡਰੀ ਫੀਸ ਮੁਆਫ਼ੀ ਲਈ ਯੋਗ ਹਨ।

**ਭਾਵੇਂ ਅਸੀਂ ਤੁਹਾਡੀ ਮਦਦ ਨਾ ਵੀ ਕਰ ਸਕਦੇ ਹੋਈਏ, ਹੋ ਸਕਦਾ ਹੈ ਕਿ ਅਸੀਂ ਫਿਰ ਵੀ ਕੋਈ ਅਜਿਹਾ ਵਿਅਕਤੀ ਲੱਭ ਸਕਦੇ ਹੋਈਏ ਜੋ ਤੁਹਾਡੀ ਮਦਦ ਕਰ ਸਕਦਾ ਹੋਵੇ। ਜ਼ਿਆਦਾ ਜਾਣਕਾਰੀ ਲਈ, ਔਨਲਾਈਨ ਜਾਉ, ਸਾਨੂੰ ਟੈਕਸਟ ਕਰੋ ਜਾਂ ਫੋਨ ਕਰੋ।**

# ਸਾਡੇ ਨਾਲ ਸੰਪਰਕ ਕਰੋ


ਟੋਲ-ਫ੍ਰੀ: 1-800-476-3933
ਟੈਕਸਟ: 1-778-404-7161
ਈਮੇਲ: rcy@rcybc.ca
ਵੈੱਬ: www.rcybc.ca

ਮੁੱਖ ਦਫਤਰ – ਵਿਕਟੋਰੀਆ
400-1019 Wharf Street
Victoria, B.C.  V8W 2Y9

ਨੌਰਦਰਨ ਦਫਤਰ – ਪ੍ਰਿੰਸ ਜੌਰਜ
1475 10th Avenue
Prince George, B.C. V2L 2L2


# ਸਾਨੂੰ ਇਸ ’ਤੇ ਲੱਭੋ

rcybc
rcybcyouth

@rcybc
@rcybcyouth

Rep4Youth

rcybcyouth



ਬਾਰਡਰ ਆਰਟ ਜੌਰਡਨ ਵਿਲੀਅਮਜ਼ ਵਲੋਂ

# REPRESENTATIVE FOR CHILDREN AND YOUTH

# ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ



[Punjabi]

# ਆਰ ਸੀ ਵਾਈ ਬਾਰੇ

ਬੀ.ਸੀ. ਦਾ ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ (ਆਰ ਸੀ ਵਾਈ) ਦਾ ਦਫਤਰ, ਸੂਬੇ ਦੇ ਬੱਚਿਆਂ ਅਤੇ ਜਵਾਨਾਂ ਨੂੰ ਸੇਵਾਵਾਂ ਦੇਣ ਵਾਲੇ ਸਿਸਟਮ ਨਾਲ ਵਰਤਣ ਵਿਚ ਜਵਾਨ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਦਾ ਹੈ। ਰੈੱਪ (ਨੁਮਾਇੰਦਾ) ਚਾਇਲਡ ਵੈਲਫੇਅਰ ਸਿਸਟਮ ਦੀ ਨਿਗਰਾਨੀ ਕਰਦਾ ਹੈ ਅਤੇ ਇਸ ਵਿਚ ਸੁਧਾਰ ਕਰਨ ਲਈ ਸਿਫਾਰਸ਼ਾਂ ਕਰਦਾ ਹੈ।



**ਜੈਨੀਫਰ ਚਾਰਲਸਵਰਥ ਬੀ.ਸੀ. ਦੀ ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ ਹੈ। ਜੈਨੀਫਰ ਦੀ ਬੱਚਿਆਂ ਦੇ ਹੱਕਾਂ, ਬੱਚਿਆਂ ਅਤੇ ਜਵਾਨਾਂ ਦੀ ਮਾਨਸਿਕ ਸਿਹਤ, ਸਿਹਤਮੰਦ ਬਾਲਗਪਣ ਵਿਚ ਜਵਾਨਾਂ ਦੀ ਤਬਦੀਲੀ, ਅਤੇ ਇਹ ਪੱਕਾ ਕਰਨ ਵਿਚ ਡੂੰਘੀ ਦਿਲਚਸਪੀ ਹੈ ਕਿ ਫਸਟ ਨੇਸ਼ਨਜ਼, ਮੈਟੀਸ, ਇਨੂਇਟ ਅਤੇ ਸ਼ਹਿਰੀ ਆਦਿਵਾਸੀ ਬੱਚਿਆਂ ਅਤੇ ਜਵਾਨਾਂ ਨੂੰ ਬਿਹਤਰ ਸੇਵਾਵਾਂ ਮਿਲ ਰਹੀਆਂ ਹਨ ਅਤੇ ਉਹ ਆਪਣੇ ਸਭਿਆਚਾਰਾਂ ਅਤੇ ਪਰਿਵਾਰਾਂ ਨਾਲ ਮਜ਼ਬੂਤੀ ਨਾਲ ਜੁੜੇ ਹੋਏ ਹਨ।**

## ਤੁਹਾਡੇ ਹੱਕ

ਬੀ.ਸੀ. ਵਿਚਲੇ ਹਰ ਬੱਚੇ ਅਤੇ ਜਵਾਨ ਨੂੰ **ਸੁਰੱਖਿਅਤ, ਸਿਹਤਮੰਦ ਰਹਿਣ, ਪੜ੍ਹਾਈ ਕਰਨ ਅਤੇ ਸੁਣੇ ਜਾਣ** ਦਾ ਹੱਕ ਹੈ। ਆਰ ਸੀ ਵਾਈ ਦੇ ਐਡਵੋਕੇਟ ਉਨ੍ਹਾਂ ਜਵਾਨ ਲੋਕਾਂ (ਅਤੇ ਉਨ੍ਹਾਂ ਦੀ ਤਰਫੋਂ ਸਾਡੇ ਨਾਲ ਸੰਪਰਕ ਕਰਨ ਵਾਲੇ ਬਾਲਗਾਂ) ਨੂੰ ਮਦਦ ਦਿੰਦੇ ਹਨ ਜਿਨ੍ਹਾਂ ਨੂੰ ਸਰਕਾਰ ਵਲੋਂ ਦਿੱਤੇ ਜਾ ਰਹੇ ਜਾਂ ਸਰਕਾਰ ਦੇ ਫੰਡਾਂ ਨਾਲ ਚੱਲਣ ਵਾਲੇ ਪ੍ਰੋਗਰਾਮਾਂ ਦੇ ਸੰਬੰਧ ਵਿਚ ਮਦਦ ਦੀ ਲੋੜ ਹੁੰਦੀ ਹੈ।

**ਆਰ ਸੀ ਵਾਈ ਦੇ ਐਡਵੋਕੇਟ ਇਹ ਪੱਕਾ ਕਰਦੇ ਹਨ ਕਿ ਬੱਚਿਆਂ ਅਤੇ ਜਵਾਨਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਹੋ ਰਹੀ ਹੈ ਅਤੇ ਉਨ੍ਹਾਂ ਦੇ ਵਿਚਾਰ ਸੁਣੇ ਅਤੇ ਵਿਚਾਰੇ ਜਾ ਰਹੇ ਹਨ।**

## ਕੇਅਰ (ਸੰਭਾਲ) ਵਿਚਲੇ ਜਵਾਨ ਅਤੇ ਜਵਾਨ ਬਾਲਗ

ਉਹ ਸਾਰੇ ਬੱਚੇ, ਜਵਾਨ ਅਤੇ ਜਵਾਨ ਬਾਲਗ ਜਿਹੜੇ ਕੇਅਰ ਵਿਚ ਹਨ ਜਾਂ ਸਰਕਾਰੀ ਸੇਵਾਵਾਂ ਲੈ ਰਹੇ ਹਨ, ਕਾਮਯਾਬੀ ਲਈ ਉਹੀ ਮੌਕੇ ਲੈਣ ਦੇ ਹੱਕਦਾਰ ਹਨ, ਜਿਹੜੇ ਹੋਰ ਜਵਾਨ ਲੋਕਾਂ ਨੂੰ ਮਿਲ ਰਹੇ ਹਨ।



## ਅਸੀਂ ਕਿਵੇਂ ਮਦਦ ਕਰਦੇ ਹਾਂ

ਆਰ ਸੀ ਵਾਈ ਦੇ ਐਡਵੋਕੇਟ ਇਨ੍ਹਾਂ ਵਿਚ ਤੁਹਾਡੀ ਮਦਦ ਕਰ ਸਕਦੇ ਹਨ:

- ਆਪਣੇ ਹੱਕਾਂ ਬਾਰੇ ਜਾਣਨਾ ਅਤੇ ਜੇ ਇਨ੍ਹਾਂ ਹੱਕਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੋਵੇ ਤਾਂ ਕੀ ਕਰਨਾ ਹੈ
- ਉਨ੍ਹਾਂ ਪ੍ਰੋਗਰਾਮਾਂ ਨਾਲ ਜੁੜਨ ਵਿਚ ਮਦਦ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ
- ਕਿਸੇ ਸਮੱਸਿਆ ਦਾ ਹੱਲ ਕਰਨ ਵਿਚ ਮਦਦ ਲਈ ਬੋਲਣ ਵਿਚ
- ਤੁਹਾਡੀ ਸੰਭਾਲ ਬਾਰੇ ਫੈਸਲਿਆਂ ਦਾ ਹਿੱਸਾ ਬਣਨ ਵਿਚ
- ਮਨਿਸਟਰੀ ਦੀ ਸੰਭਾਲ ਤੋਂ ਤਬਦੀਲੀ ਵਿਚ ਤੁਹਾਡੀ ਮਦਦ ਕਰਨ ਵਿਚ।

***ਤੁਸੀਂ ਜੋ ਵੀ ਕਹੋਗੇ ਉਹ ਪ੍ਰਾਈਵੇਟ ਰੱਖਿਆ ਜਾਵੇਗਾ।***

## ਨਿਗਰਾਨੀ ਅਤੇ ਪੜਤਾਲ

ਆਰ ਸੀ ਵਾਈ, **ਸਰਕਾਰ ਦੇ ਫੰਡਾਂ ਨਾਲ ਚੱਲਣ ਵਾਲੇ ਪ੍ਰੋਗਰਾਮਾਂ ਦੀ ਨਿਗਰਾਨੀ ਅਤੇ ਮੁਲਾਂਕਣ ਵੀ ਕਰਦਾ ਹੈ** ਤਾਂ ਜੋ ਇਨ੍ਹਾਂ ਵਿਚ ਸੁਧਾਰ ਕਰਨ ਲਈ ਸਿਫਾਰਸ਼ਾਂ ਕੀਤੀਆਂ ਜਾ ਸਕਣ, ਅਤੇ ਆਦਿਵਾਸੀ ਬੱਚਿਆਂ ਦੀ ਭਲਾਈ ਦੇ ਖੇਤਰ ਵਿਚ ਹੋਏ ਮੁੱਖ ਸੁਧਾਰਾਂ ਦੀ ਨਿਗਰਾਨੀ ਕਰਦਾ ਹੈ।

ਜੇ ਸਰਕਾਰ ਦੀਆਂ ਸੇਵਾਵਾਂ ਲੈ ਰਹੇ ਕਿਸੇ ਬੱਚੇ ਜਾਂ ਜਵਾਨ ਦੀ ਮੌਤ ਹੋ ਜਾਂਦੀ ਹੈ ਜਾਂ ਉਸ ਦੇ ਸੱਟ ਲੱਗਦੀ ਹੈ ਤਾਂ ਆਰ ਸੀ ਵਾਈ **ਪੜਚੋਲ ਜਾਂ ਪੜਤਾਲ ਕਰ ਸਕਦਾ ਹੈ।**

